بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.03.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮੁਸਲਮਾਨ ਹਜ਼ਰਤ ਮੁਹੰਮਦ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਦਾ ਦਾਵਾ ਤਾਂ ਕਰਦੇ ਹਨ ਪਰ ਆਪ ਦੀਆਂ ਗਲੱਾਂ ਅਤੇ ਪਦਚਿੰਨ੍ਹਾ ਉਪੱਰ ਅਮਲ ਨਹੀਂ ਕਰਦੇ**

---

**ਇਹਨਾ ਦੀ ਇਹ ਹਾਲਤ ਅਸੀਂ ਅਹਮਦੀਆਂ ਨੂੰ ਇਸ ਵੱਲ ਧਿਆਨ ਦੁਆਉਣ ਵਾਲੀ ਹੋਣੀ ਚਾਹੀਦੀ ਹੈ ਕਿ ਅਸੀਂ ਆਪਣੇ ਸਾਰਿਆਂ ਜਤਨਾਂ ਨਾਲ ਉੱਚ ਆਚਰਣਾਂ ਨੂੰ ਆਪਨਾਉਣ ਦਾ ਜਤਨ ਕਰਈਏ, ਜੋ ਇਸਲਾਮ ਦੀ ਸਿੱਖਿਆ ਹੈ ਅਤੇ ਜਿਸ ਦਾ ਨਮੂਨਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਾਡੇ ਸਾਹਮਣੇ ਕਾਇਮ ਕੀਤਾ ਹੈ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 2 ਮਾਰਚ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸਲਾਮ ਵਿੱਚ ਉਚੱਤਮ ਆਚਰਨ ਅਪਨਾਉਣੇ, ਹਰ ਮੌਕੇ ਚੰਗੇ ਆਚਰਨ ਪ੍ਰਕਟ ਕਰਨੇ, ਘਰਾਂ ਵਿੱਚ ਵੀ ਸਮਾਜ ਵਿੱਚ ਵੀ ਅਤੇ ਹਰ ਪਧੱਰ'ਤੇ ਆਚਰਣ ਦੇ ਚੰਗੇ ਨਮੂਨੇ ਦਿਖਾਉਣੇ, ਆਪਣਿਆਂ ਤੇ ਬਿਗਾਨਿਆਂ ਨਾਲ ਚੰਗੇ ਆਚਰਣ ਦਾ ਪ੍ਰਕਟਨ ਕਰਨ ਦੀ ਜਿੰਨ੍ਹੀ ਸਿੱਖਿਆ ਦਿੱਤੀ ਗਈ ਹੈ ਕਿਸੇ ਹੋਰ ਧਰਮ ਵਿੱਚ ਐਨ੍ਹੇ ਵਿਸਥਾਰ ਨਾਲ ਇਹਨਾ ਦਾ ਵਰਨਣ ਨਹੀਂ ਕੀਤਾ ਗਿਆ । ਪਰ ਬਦਕਿਸਮਤ ਨਾਲ ਮੁਸਲਮਾਨ ਹੀ ਹਨ ਜੋ ਇਸ ਪੱਖੋਂ ਸਾਧਾਰਣਤਾ ਹੇਠਲੇ ਪਧੱਰ'ਤੇ ਸਮਝੇ ਜਾਂਦੇ ਹਨ । ਗ਼ੈਰ ਮੁਸਲਿਮ ਇਹਨਾਂ'ਤੇ ਉਂਗਲ ਚੁਕੱਦੇ ਹਨ ਕਿਉਂਕਿ ਇਹਨਾਂ ਦੇ ਕਰਮ ਜੋ ਕੁਝ ਇਹ ਕਹਿੰਦੇ ਹਨ ਉਸ ਦੇ ਵਿਰੁਧ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਣੀ ਉਮੱਤ ਨੂੰ ਉੱਚੇ ਆਚਰਣ ਧਾਰਣ ਕਰਨ'ਤੇ ਜ਼ੋਰ ਦਿਤੱਾ ਹੈ । ਮੁਸਲਮਾਨ ਸਾਧਾਰਣ ਤੌਰ'ਤੇ ਰਸੂਲ ਦੀ ਮੁਹਬੱਤ ਦਾ ਦਾਵਾ ਕਰਦੇ ਹਨ, ਪਰ ਆਪ ਸਲਲੱਾਹੁ ਅਲੈਅਹਿ ਵਸਲਮ ਦੀਆਂ ਗਲੱਾਂ ਅਤੇ ਸੁਨੱਤ ਉਪੱਰ ਅਮਲ ਨ ਹੋਣ ਦੇ ਬਰਾਬਰ ਹੈ । ਮੁਸਲਮਾਨਾਂ ਦੀ ਇਸੇ ਹਾਲਤ ਕਰਕੇ ਜੱਦ ਇਹ ਹਾਲਾਤ ਹੋਣੇ ਸਨ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ । ਪਰ ਇਸ ਪਾਸੇ ਵੀ ਇਹ ਲੋਕ ਧਿਆਨ ਦੇਣ ਜੋਂ ਇਨਕਾਰੀ ਹਨ ਅਤੇ ਅਤਿਅੰਤ ਗੰਦੀ ਤੇ ਕੂੜ ਭਾਸ਼ਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪ ਦੇ ਮੰਨ੍ਹਣ ਵਾਲਿਆਂ ਲਈ ਵਰਤਦੇ ਹਨ ਅਤੇ ਉਸ ਦਾ ਪਰਿਣਾਮ ਵੀ ਭੁਗਤ ਰਹੇ ਹਨ । ਦੁਨੀਆਂ ਵਿੱਚ ਹਰ ਥਾਂ ਜਿਵੇਂ ਕਿ ਮੈਂ ਕਿਹਾ ਗ਼ੈਰਮੁਸਲਿਮ ਇਹਨਾਂ'ਤੇ ਉਂਗਲ ਚੁਕੱਦੇ ਹਨ । ਇਹਨਾਂ ਦੀ ਇਹ ਹਾਲਤ ਅਸੀਂ ਅਹਮਦੀਆਂ ਨੂੰ ਇਸ ਵੱਲ ਧਿਆਨ ਦੁਆਉਣ ਵਾਲੀ ਹੋਣੀ ਚਾਹੀਦੀ ਹੈ ਕਿ ਅਸੀਂ ਆਪਣੇ ਸਾਰਿਆਂ ਜਤਨਾਂ ਨਾਲ ਉੱਚੇ ਆਚਰਣਾ ਨੂੰ ਅਪਨਾਉਣ ਦਾ ਜਤਨ ਕਰੀਏ, ਜੋ ਇਸਲਾਮ ਦੀ ਸਿੱਖਿਆ ਹੈ ਅਤੇ ਜਿਸ ਦਾ ਨਮੂਨਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਾਡੇ ਸਾਹਮਣੇ

ਕਾਇਮ ਕੀਤਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਦੇ ਅਮਲਾਂ (ਕਰਮਾਂ) ਨੂੰ ਅਸੀਂ ਦੇਖੀਏ ਤਾਂ ਹੈਰਾਨੀ ਭਰਪੂਰ ਮਿਆਰ ਦਿਖਾਈ ਦਿੰਦਾ ਹੈ । ਆਪ ਦੇ ਘਰੇਲੂ ਹਾਲਾਤ ਦੇਖੋ ਤਾਂ ਕਿਤੇ ਆਪ ਇਕ ਪਤਨੀ'ਤੇ ਦੂਜੀ ਪਤਨੀ ਦੇ ਛੋਟੇ ਕੱਦ ਦਾ ਮਖ਼ੌਲ ਉਡਾਉਣ'ਤੇ ਸਖ਼ਤ ਨਾਪਸੰਦੀ ਦਾ ਪ੍ਰਗਟਾਵਾ ਕਰਦੇ ਹਨ, ਕਿਤੇ ਆਪ ਬੱਚਿਆਂ ਦੇ ਅਖ਼ਲਾਕ (ਆਚਰਣ) ਬੁਲੰਦ ਕਰਨ ਦੀ ਨਸੀਹਤ ਕਰਦੇ ਕਿ ਲੋਕਾਂ ਦੇ ਫਲਾਂ ਨਾਲ ਭਰੇ ਰੁਖੱਾਂ'ਤੇ ਪਥੱਰ ਮਾਰਕੇ ਉਹਨਾਂ ਦਾ ਕਚੱਾ ਫਲ ਨਸ਼ਟ ਨ ਕਰੋ । ਫਿਰ ਇਕ ਬੱਚੇ ਨੂੰ ਤੇਜ਼ੀ ਨਾਲ ਥਾਲੀ ਉਪੱਰ ਹੱਥ ਫੇਰਣ ਕਰਕੇ ਕਿਹਾ ਕਿ ਪਹਿਲਾਂ 'ਬਿਸਮਿਲੱਾਹ' ਪੜ੍ਹੋ ਆਪਣੇ ਸੱਜੇ ਹੱਥ ਨਾਲ ਖਾਓ ਅਤੇ ਆਪਣੇ ਸਾਹਣਿਓਂ ਖਾਓ । ਸੋ, ਬੱਚਿਆਂ ਦੀ ਸੀਖ ਸਿੱਖਿਆ ਵੀ ਇਸ ਢੰਗ ਨਾਲ ਕਰਨੀ ਚਾਹੀਦੀ ਹੈ ਕਿ ਵੱਡੇ ਹੋਕੇ ਉੱਚੇ ਆਚਰਣ ਪੈਦਾ ਹੋਣ ।

ਫਿਰ ਝੂਠ ਇਕ ਪਾਪ ਹੈ ਅਤੇ ਸਚੱਾਈ ਇਕ ਨੇਕੀ ਹੈ ਇਸ ਨੂੰ ਬਚਪੁਣੇ ਤੋਂ ਹੀ ਬੱਚਿਆਂ ਦੇ ਦਿਲਾਂ ਵਿੱਚ ਕਾਇਮ ਕਰਨ ਲਈ ਆਪ ਨੇ ਇਸ ਪ੍ਰਕਾਰ ਨਸੀਹਤ ਕੀਤੀ ਕਿ ਇਕ ਸਹਾਬੀ ਆਪਣੇ ਬਚਪੁਣੇ ਦੀ ਗੱਲ ਵਰਨਣ ਕਰਦੇ ਹਨ ਕਿ ਇਕ ਵਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸਾਡੇ ਘਰ ਆਏ ਅਤੇ ਮੈਂ ਆਪਣੇ ਆਪਣੇ ਬਚਪੁਣੇ ਕਰਕੇ ਕੁਝ ਦੇਰ ਬਾਦ ਹੀ ਆਪ ਜੀ ਦੇ ਹੁੰਦਿਆਂ ਹੋਇਆਂ ਹੀ ਘਰੋਂ ਬਾਹਰ ਖੇਡਣ ਲਈ ਜਾਣ ਲਗੱਾ ਤਾਂ ਮੇਰੀ ਮਾਂ ਨੇ ਮੈਨੂੰ ਇਸ ਬਰਕਤਾਂ ਭਰਪੂਰ ਵਾਤਾਵਰਣ ਤੋਂ ਦੂਰ ਜਾਣ ਤੋਂ ਰੋਕਣ ਲਈ ਕਿਹਾ ਕਿ ਏਧਰ ਆਓ, ਹੁਣੇ ਇੱਥੇ ਹੀ ਰਹੋ ਮੈਂ ਤੁਹਾਨੂੰ ਇਕ ਚੀਜ਼ ਦਿਆਂਗੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਸੀਂ ਇਸ ਨੂੰ ਕੁਝ ਦੇਣਾ ਚਾਹੁੰਦੀ ਹੋ? ਮੇਰੀ ਮਾਂ ਨੇ ਕਿਹਾ ਹਾਂ ਮੈਂ ਇਸ ਨੂੰ ਖਜੂਰ ਦਿਆਂਗੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ'ਤੇ ਫਿਰ ਫ਼ਰਮਾਇਆ ਕਿ ਜੇਕਰ ਤੁਹਾਡਾ ਇਹ ਇਰਾਦਾ ਨ ਹੁੰਦਾ ਅਤੇ ਤੁਸੀਂ ਕੇਵਲ ਬੱਚੇ ਨੂੰ ਬੁਲਾਉਣ ਲਈ ਇਹ ਕਹਿੰਦੀ ਤਾਂ ਤੁਸੀਂ ਫਿਰ ਝੂਠ ਬੋਲਣ ਵਾਲੀ ਹੁੰਦੀ । ਹੁਣ ਇਸ ਬੱਚੇ ਨੂੰ ਵੀ ਇਸ ਛੋਟੀ ਜਿਹੀ ਉਮਰ ਵਿੱਚ ਸਚੱਾਈ ਦੀ ਮਹਤੱਾ ਅਤੇ ਝੂਠ ਨਾਲ ਨਫ਼ਰਤ ਸਪਸ਼ਟ ਹੋ ਗਈ ਅਤੇ ਵੱਡੇ ਹੋਣ ਤੱਕ ਇਹ ਗੱਲ ਉਹਨਾਂ ਨੇ ਚੇਤੇ ਰੱਖੀ ਅਤੇ ਵਰਨਣ ਕੀਤੀ ।

ਇਕ ਵਾਰ ਇਕ ਵਿਅਕਤੀ ਨੂੰ ਫ਼ਰਮਾਇਆ ਕਿ ਜੇਕਰ ਤੁਸੀਂ ਸਾਰੀਆਂ ਬੁਰਾਈਆਂ ਨਹੀਂ ਛੱਡ ਸਕਦੇ ਤਾਂ ਝੂਠ ਬੋਲਣਾ ਛੱਡ ਦਿਓ । ਕੀ ਅੱਜ ਕਲੱ ਦੇ ਮੁਸਲਮਾਨਾਂ ਦੇ ਇਹ ਮਿਆਰ ਹਨ ਕਿ ਇਸ ਸੂਖਮਤਾ ਨਾਲ ਝੂਠ ਤੋਂ ਬਚਣ ਅਤੇ ਸਚੱਾਈ ਨੂੰ ਕਾਇਮ ਕਰਨ । ਸਾਨੂੰ ਆਪਣੇ ਵੀ ਜਾਇਜ਼ੇ ਲੈਂਣੇ ਚਾਹੀਦੇ ਹਨ ਕਿ ਕੀ ਸਾਡੇ ਇਹ ਮਿਆਰ ਹਨ । ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੇ ਮਹਾਪਾਪ ਬਾਰੇ ਦਸਦਿਆਂ ਹੋਇਆਂ ਫ਼ਰਮਾਇਆ ਕਿ ਮਹਾਪਾਪ ਇਹ ਹੈ ਕਿ ਰੱਬ ਦਾ ਸ਼ਰੀਕ ਬਨਾਉਂਣਾ ਅਤੇ ਮਾਂਪਿਆਂ ਦੀ ਅਵਗਿਆ ਕਰਨਾ ਅਤੇ ਫਿਰ ਰਾਵੀ (ਰਿਵਾਇਤ ਕਰਨ ਵਾਲੇ) ਕਹਿੰਦੇ ਹਨ ਕਿ ਆਪ ਟੇਕ ਲਾਈ ਬੈਠੇ ਗਲੱਾਂ ਕਰਨ ਰਹੇ ਸਨ, ਉੱਠਕੇ ਬੈਠ ਗਏ ਅਤੇ ਫ਼ਰਮਾਇਆ ਕਿ ਗ਼ੌਰ ਨਾਲ ਸੁਣੋ, ਝੂਠ ਬੋਲਣਾ ਅਤੇ ਝੂਠੀ ਗਵਾਹੀ ਦੇਣਾ, ਆਪ ਨੇ ਇਹ ਗੱਲ ਕਈ ਵਾਰ ਦਹੁਰਾਈ ਅਤੇ ਕਹਿੰਦੇ ਚਲੇ ਗਏ । ਰਾਵੀ ਕਹਿੰਦੇ ਹਨ ਕਿ ਅਸੀਂ ਇਛੱਾ ਕੀਤੀ ਕਿ ਕਾਸ਼ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਹੁਣ ਚੁੱਪ ਹੋ ਜਾਣ । ਇਹ ਅਸੀਂ ਇਸ ਢੰਗ ਵਿੱਚ ਵੀ ਆਪ ਨੇ ਆਚਰਣ ਦਾ ਪ੍ਰਗਟਾਵਾ ਦੇਖਦੇ ਹਾਂ ਕਿ ਇਕ ਬਦੂੱ (ਗਵਾਰ, ਪੇਂਡੂ) ਮਸਜਿਦ ਵਿੱਚ ਮੂਤਰਨ ਲਗੱਾ । ਲੋਕ ਉਸ ਵੱਲ ਦੌੜੇ ਰੋਕਣ ਲਈ । ਆਪ ਨੇ ਫ਼ਰਮਾਇਆ ਕਿ ਇਸ ਨੂੰ ਛੱਡ ਦਿਓ ਅਤੇ ਜਿੱਥੇ ਇਸ ਨੇ ਮੂਤਰਿਆ ਹੈ ਪਾਣੀ ਵਹਾ ਦਿਓ । ਫਿਰ ਆਪ ਨੇ ਫ਼ਰਮਾਇਆ ਕਿ ਤੁਸੀਂ ਲੋਕਾਂ ਲਈ ਆਸਾਨੀਆਂ ਪੈਦਾ ਕਰਨ ਲਈ ਪੈਦਾ ਕੀਤੇ ਗਏ ਹੋ ਨ ਕਿ ਤੰਗੀ ਲਈ । ਇਸ'ਤੇ ਉਹ ਬੱਦੂ ਹਮੇਸ਼ਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਮਿਹਰ ਦਾ ਵਰਨਣ ਕੀਤਾ ਕਰਦਾ ਸੀ ।

ਇਕ ਮੌਕੇ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਇਹ ਪਤਾ ਕਰਨਾ ਚਾਹੁੰਦੇ ਹੋ ਕਿ ਤੁਸੀਂ ਬੁਰਾ ਕਰ ਰਹੇ ਹੋ ਜਾਂ ਚੰਗਾ ਕਰ ਰਹੇ ਹੋ ਤਾਂ ਫਿਰ ਆਪਣੇ ਗਵਾਂਢੀਆਂ ਵੱਲ ਦੇਖੋ ਕਿ ਉਹ ਤੁਹਾਡੇ ਬਾਰੇ ਕੀ ਵਿਚਾਰ ਰਖੱਦੇ ਹਨ । ਫਿਰ ਅਫ਼ਸਰਾਂ ਨੂੰ ਫ਼ਰਮਇਆ ਕਿ ਤੁਹਾਡੇ ਉਚੱਤਮ ਆਚਰਣ ਦਾ ਉਸ ਸਮੇਂ ਪਤਾ ਲੱਗੇਗਾ ਜੱਦ ਤੁਸੀਂ ਆਪਣੇ ਆਪ ਨੂੰ ਕੌਮ ਦਾ ਸੇਵਕ ਸਮਝੋਗੇ ਅਤੇ ਆਪਣੀਆਂ ਸਾਰੀਆਂ ਖ਼ੂਬੀਆਂ ਨਾਲ ਲੋਕਾਂ ਦੀ ਸੇਵਾ ਕਰੋਗੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਕਿੱਥੇ

ਦਿਖਾਈ ਦਿੰਦੇ ਹਨ ਇਹ ਮਿਆਰ ਸਾਡੇ ਲੀਡਰਾਂ ਵਿੱਚ ਅਤੇ ਅਫ਼ਸਰਾਂ ਵਿੱਚ । ਸੋ, ਸਾਡੇ ਜੋ ਜਮਾਤ ਦੇ ਉਹਦੇਦਾਰ ਹਨ ਉਹਨਾਂ ਨੂੰ ਵੀ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ।

ਮੱਕੇ ਦੀ ਫ਼ਤਹਿ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉੱਚੇ ਆਚਰਣ ਦਾ ਕਿਵੇਂ ਪ੍ਰਕਟਣ ਕੀਤਾ । ਆਪ ਨੇ ਦੁਸ਼ਮਣਾ ਨੂੰ ਵੀ ਮੁਆਫ਼ ਕਰ ਦਿਤੱਾ, ਜੋ ਜਾਨੀ ਦੁਸ਼ਮਣ ਸਨ, ਜਿੰਨ੍ਹਾ ਨੇ ਨਿਰੰਤਰ ਦੁੱਖ ਦਿੱਤੇ ਸਨ ਅਤੇ ਫਿਰ ਇਹੋ ਮੁਆਫ਼ੀ ਹੈ ਜੋ ਅਨੇਕਾਂ ਦੇ ਇਸਲਾਮ ਕੁਬੂਲ ਕਰਨਾ ਦਾ ਸਬਬ ਬਣ ਗਈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਉਚੱਤਮ ਆਚਰਣ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ :

ਉਹ ਜਲਾਲ ਵਾਲਾ ਰੱਬ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸੰਬੋਧਤ ਕਰਕੇ ਫ਼ਰਮਾਉਂਦਾ ਹੈ ਕਿ (وَاِنَّكَ لَعَلٰى خُلُقٍ عَظِيْمٍ) 'ਵ ਇਨੱਕਾ ਲ-ਅਲਾ ਖ਼ੁਲੁਕਿਨ ਅਜ਼ੀਮ' ਅਰਥਾਤ ਤੂੰ ਇਕ ਮਹਾਨ ਆਚਰਣ ਉਪੱਰ ਕਾਇਮ ਹੈ, ਇਸ ਦੇ ਅਰਥ ਇਹ ਹਨ ਕਿ ਆਚਰਣ ਦੇ ਸਾਰੇ ਪ੍ਰਕਾਰ ਉਦਾਰਤਾ, ਸ਼ੁਜਾਤ (ਬਹਾਦੁਰੀ), ਨਿਆ, ਰਹਿਮ, ਉਪਕਾਰ, ਸਚੱਾਈ, ਦਲੇਰੀ, ਹੌਸਲਾ ਆਦਿ ਤੇਰੇ ਵਿੱਚ ਇਕਤੱਰ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਚੱ ਆਚਰਣ ਦਿਖਾਉਣ ਦੀਆਂ ਵੱਖ ਵੱਖ ਅਵਸਥਾਵਾਂ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ : ਮਨੁੱਖ ਦੇ ਆਚਰਣ ਹਮੇਸ਼ਾਂ ਦੋ ਰੂਪ ਵਿੱਚ ਪ੍ਰਕਟ ਹੋ ਸਕਦੇ ਹਨ, ਜਾਂ ਔਕੁੜਾਂ ਦੀ ਅਵਸਥਾ ਵਿੱਚ ਜਾਂ ਪੁਰਸਕਾਰਾਂ ਦੀ ਅਵਸਥ ਵਿੱਚ । ਜੇਕਰ ਇਕ ਹੀ ਪੱਖ ਹੋਵੇ ਅਤੇ ਦੂਜਾ ਨ ਹੋਵੇ ਤਾਂ ਫਿਰ ਆਚਰਣ ਦਾ ਪਤਾ ਨਹੀਂ ਲੱਗ ਸਕਦਾ ਕਿਉਂਕਿ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਆਚਰਣ ਪੂਰੇ ਕਰਨੇ ਸਨ ਇਸ ਲਈ ਕੁਝ ਭਾਗ ਆਪ ਦਾ ਮੱਕੀ ਹੈ ਅਤੇ ਕੁਝ ਮਦਨੀ । ਮੱਕੇ ਦੇ ਦੁਸ਼ਮਣਾਂ ਦੀਆਂ ਵੱਡੀਆਂ ਵੱਡੀਆਂ ਔਕੁੜਾਂ ਵਿੱਚ ਸਬਰ ਦਾ ਨਮੂਨਾ ਦਿਖਾਇਆ ਅਤੇ ਉਹਨਾਂ ਲੋਕਾਂ ਦੇ ਅਤਿਅੰਤ ਸਖ਼ਤੀ ਤੇ ਕਰੜਾਈ ਨਾਲ ਪੇਸ਼ ਆਉਣ ਦੇ ਬਾਦ ਵੀ ਆਪ ਉਹਨਾਂ ਨਾਲ ਹਲੀਮੀ ਤੇ ਵਿਨਮ੍ਰਤਾ ਨਾਲ ਪੇਸ਼ ਆਉਂਦੇ ਰਹੇ ਅਤੇ ਜੋ ਸੰਦੇਸ਼ ਰੱਬ ਵੱਲੋਂ ਲਿਆਏ ਸਨ, ਉਸ ਦੇ ਪ੍ਰਚਾਰ ਵਿੱਚ ਕੁਤਾਹੀ ਨਹੀਂ ਕੀਤੀ । ਫਿਰ ਮਦੀਨੇ ਵਿੱਚ ਜੱਦ ਆਪ ਨੂੰ ਪ੍ਰਗਤੀ ਪ੍ਰਾਪਤ ਹੋਈ ਅਤੇ ਉਹੋ ਦੁਸ਼ਮਣ ਗ੍ਰਿਫ਼ਤਾਰ ਹੋਕੇ ਆਪ ਦੇ ਸਾਹਮਣੇ ਪੇਸ਼ ਹੋਏ ਤਾਂ ਉਹਨਾਂ ਵਿੱਚੋਂ ਬਹੁਤਿਆਂ ਨੂੰ ਮੁਆਫ਼ ਕਰ ਦਿਤੱਾ । ਇਹ ਉਚੱ ਆਚਰਣ ਅਜਿਹੇ ਸਨ ਜਿੰਨ੍ਹਾ ਨੇ ਲੋਕਾਂ ਨੂੰ ਆਪਣਾ ਦੀਵਾਨਾ ਕਰ ਲਿਆ ਅਤੇ ਇਕ ਕ੍ਰਿਸ਼ਮਾ ਦਿਖਾਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਕਹਿੰਦੇ ਹਨ ਕਿ ਜੇਕਰ ਤੁਸੀਂ ਇਸ ਸੁਨੱਤ ਉਪੱਰ ਚਲਦਿਆਂ ਹੋਇਆਂ ਆਪਰਣੇ ਆਚਰਣ ਚੰਗੇ ਕਰ ਲਓ ਅਤੇ ਹਰ ਆਚਰਣ ਨੂੰ ਆਪਣੇ ਮੌਕੇ ਅਨੁਸਾਰ ਵਰਤੋਂ ਵਿੱਚ ਲਿਆਓ ਤਾਂ ਤੁਸੀਂ ਵੀ ਕ੍ਰਿਸ਼ਮੇ ਦਿਖਾਉਣ ਵਾਲੇ ਬਣ ਸਕਦੇ ਹੋ । ਆਪ ਫ਼ਰਮਾਉਂਦੇ ਹਨ ਕਰਾਮਤਾਂ ਉਪੱਰ ਤਾਂ ਲੋਕ ਕਿਸੇ ਨ ਕਿਸੇ ਰੂਪ ਵਿੱਚ ਉਜ਼ਰ ਪੇਸ਼ ਕਰ ਦਿੰਦੇ ਹਨ ਅਤੇ ਉਸ ਨੂੰ ਟਾਲਣਾ ਚਾਹੁੰਦੇ ਹਨ ਪਰ ਆਚਰਣ ਅਜਿਹੀ ਕਰਾਮਤ ਹੈ ਜਿਸ'ਤੇ ਕੋਈ ਉਂਗਲ ਨਹੀਂ ਰੱਖ ਸਕਦਾ ਅਤੇ ਇਹੋ ਕਾਰਣ ਹੈ ਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸਭ ਤੋਂ ਵਡੱਾ ਅਤੇ ਠੋਸ ਕ੍ਰਿਸ਼ਮਾ ਆਚਰਣ ਹੀ ਦਿਤੱਾ ਗਿਆ ਜਿਸ ਨੂੰ ਫ਼ਰਮਾਇਆ ਗਿਆ (وَاِنَّكَ لَعَلٰى خُلُقٍ عَظِيْمٍ) ਵ ਇਨੱਾਕਾ ਲ-ਅਲਾ ਖ਼ੁਲੁਕਿਨ ਅਜ਼ੀਮ । ਫ਼ਰਮਾਇਆ ਉਂਝ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਹਰ ਪ੍ਰਕਾਰ ਦੇ ਕ੍ਰਿਸ਼ਮੇ (ਕਰਾਮਾਤਾਂ), ਪ੍ਰਮਾਣਕ ਸ਼ਕਤੀਆਂ ਵਿੱਚ ਸਾਰਿਆਂ ਨਬੀਆਂ ਅਲੈਹਿਮ ਸਲਾਮ ਦੇ ਕ੍ਰਿਸ਼ਮਿਆਂ ਤੇ ਕਰਾਮਾਤਾਂ ਵਿੱਚ ਵਧੇ ਹੋਏ ਹਨ ਪਰ ਆਪ ਸਲਲੱਾਹੁ ਅਲੈਹਿ ਵਸਲਮ ਦੇ ਆਚਰਣਕ ਕ੍ਰਿਸ਼ਮਿਆਂ (ਕਰਾਮਾਤਾਂ) ਦਾ ਨੰਬਰ ਸਭ ਤੋਂ ਅੱਗੇ ਹੈ ਜਿਸ ਦੀ ਉਧਾਰਣ ਦੁਨੀਆ ਦੇ ਇਤਿਹਾਸ ਵਿੱਚ ਨਹੀਂ ਮਿਲ ਸਕਦੀ ਅਤੇ ਨ ਹੀ ਪੇਸ਼ ਕਰ ਸਕਦੀ ਹੈ । ਫ਼ਰਮਾਇਆ ਮੈਂ ਸਮਝਦਾ ਹਾਂ ਕਿ ਹਰ ਇਕ ਵਿਅਕਤੀ ਜੋ ਆਪਣੇ ਭੈੜੇ ਆਚਰਣਾ ਨੂੰ ਛਡੱਕੇ ਚੰਗੇ ਆਚਰਣਾ ਨੂੰ ਲੈਂਦਾ ਹੈ ਉਸ ਦੇ ਲਈ ਉਹੋ ਕਰਾਮਤ ਹੈ । ਉਧਾਰਣ ਲਈ ਜੇਕਰ ਬਹੁਤੇ ਗੁੱਸੇ, ਕਰੜੇ ਸੁਭਾਉ ਅਤੇ ਬੁਰਾਈਆਂ ਨੂੰ ਛਡੱਦਾ ਹੈ ਅਤੇ ਹਲੀਮੀ ਤੇ ਦਰਗੁਜ਼ਰ ਨੂੰ ਧਾਰਣ ਕਰਦਾ ਹੈ ਤਾਂ ਇਹ ਪਰਿਵਰਤਨ ਹੀ ਕਰਾਮਤ ਹੈ ।

ਫ਼ਰਮਾਇਆ ਕਿ ਤੁਹਾਡੇ ਵਿੱਚੋਂ ਕੌਣ ਹੈ ਜੋ ਨਹੀਂ ਚਾਹੁੰਦਾ ਕਿ ਕਰਾਮਾਤੀ ਬਣ ਜਾਏ । ਮਨੁੱਖ ਆਚਰਣਕ ਅਵਸਥਾ ਨੂੰ ਦੁਰੁਸਤ ਕਰੇ ਤਕਉਂਕਿ ਇਹ ਇਕ ਅਜਿਹੀ ਕਰਾਮਤ ਹੈ ਜਿਸ ਦਾ ਪ੍ਰਭਾਵ ਕਦੇ ਵੀ ਨਸ਼ਟ ਨਹੀਂ ਹੁੰਦਾ ਸਗੋਂ ਦੂਰ ਤੱਕ ਪਹੁੰਚਦਾ ਹੈ । ਮੋਮਿਨ ਨੂੰ ਚਾਹੀਦਾ ਹੈ ਕਿ ਲੋਕਾਂ ਤੇ ਖ਼ਾਲਕ ਸਾਹਮਣੇ ਕਰਾਮਾਤੀ ਬਣ ਜਾਏ । ਅਨੇਕਾਂ ਹੀ ਬਦਕਾਰ ਤੇ ਅਯੱਾਸ਼ ਅਜਿਹੇ ਦੇਖੇ ਗਏ ਹਨ ਜੋ ਕਿਸੇ ਕਰਾਮਾਤੀ ਚਮਤਕਾਰ ਦੇ ਕਾਇਲ ਨਹੀਂ ਹੁੰਦੇ ਪਰ ਆਚਰਣਕ ਅਵਸਥਾ ਨੂੰ ਦੇਖਕੇ ਉਹਨਾਂ ਨੇ ਵੀ ਸਿਰ ਝੁਕਾ ਲਿਆ

ਅਤੇ ਸਿਵਾਏ ਇਕਰਾਰ ਕਰਨ ਦੇ ਉਹਨਾਂ ਨੂੰ ਕੋਈ ਹੋਰ ਮਾਰਗ ਦਿਖਾਈ ਨਹੀਂ ਦਿੱਤਾ । ਅਨੇਕਾਂ ਲੋਕਾਂ ਦੇ ਜੀਵਨ ਚਰਿਤੱਰ ਵਿੱਚ ਇਸ ਗੱਲ ਨੂੰ ਦੇਖੋਗੇ ਕਿ ਉਹਨਾਂ ਨੇ ਆਚਰਣਕ ਕ੍ਰਿਸ਼ਮੇ ਨੂੰ ਦੇਖਕੇ ਹੀ ਧਰਮ ਦੀ ਸਚੱਾਈ ਨੂੰ ਕੁਬੂਲ ਕਰ ਲਿਆ । ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਆਚਰਣ ਦੋ ਪ੍ਰਕਾਰ ਦੇ ਹੁੰਦੇ ਹਨ । ਇਕ ਤਾਂ ਉਹ ਹਨ ਜੋ ਅੱਜ ਕੱਲ ਨਵੀਂ ਵਿਦਿਆ ਪ੍ਰਾਪਤ ਕਰਨ ਵਾਲੇ ਪੇਸ਼ ਕਰਦੇ ਹਨ ਕਿ ਮੁਲਾਕਾਤ ਆਦਿ ਸਮੇਂ ਭਾਸ਼ਾ ਵਿੱਚ ਚਾਪਲੂਸੀ ਅਤੇ ਦਿਖਾਵੇ ਨਾਲ ਪੇਸ਼ ਆਉਂਦੇ ਹਨ ਅਤੇ ਮਨ ਵਿੱਚ ਕੀਨਾ ਤੇ ਸਾੜਾ ਭਰਿਆ ਹੁੰਦਾ ਹੈ, ਇਹ ਆਚਰਣ ਕੁਰਆਨ ਕਰੀਮ ਦੇ ਵਿਰੁੱਧ ਹਨ । ਆਚਰਣ ਦੀ ਦੂਜੀ ਪ੍ਰਕਾਰ ਇਹ ਹੈ ਕਿ ਸਚੀ ਹਮਦਰਦੀ ਕਰੇ ਮਨ ਵਿੱਚ ਕੀਨਾ ਤੇ ਸਾੜਾ ਨ ਹੋਵੇ ਅਤੇ ਚਾਪਲੂਸੀ ਅਤੇ ਦਿਖਾਵੇ ਆਦਿ ਤੋਂ ਕੰਮ ਨ ਲਏ, ਜਿਵੇਂ ਕਿ ਰੱਬ ਫ਼ਰਮਾਉਂਦਾ ਹੈ :

(اِنَّ اللّٰہَ یَاۡمُرُ بِالۡعَدۡلِ وَالۡاِحۡسَانِ وَاِیۡتَآیِٔ ذِی الۡقُرۡبٰی) ਇਨੱਲੱਾਹਾ ਯਾਮੁਰੁ ਬਿਲ ਅਦਲਿ ਵਲ ਇਹਸਾਨਿ ਵ ਈਤਾਇਜ਼ਿਲ ਕੁਰਬਾ'

ਇਹ ਕਾਮਲ ਤਰੀਕੇ ਹਨ ਨਿਆਂ ਕਰੋ ਇੰਸਾਫ਼ ਨਾਲ ਜੋ ਵਾਸਤਵਿਕਤਾ ਹੈ ਉਸ ਨੂੰ ਵਰਨਣ ਕਰੋ । ਜਿੱਥੇ ਉਪਕਾਰ ਕਰਨ ਦੀ ਲੋੜ ਹੈ ਓਥੇ ਉਪਕਾਰ ਕਰੋ । ਫਿਰ ਇਸ ਤੋਂ ਅੱਗੇ ਵਧੋ ਇਸ ਪ੍ਰਕਾਰ ਵਰਤਾਉ ਕਰੋ ਜਿਵੇਂ ਇਕ ਮਾਂ ਆਪਣੇ ਬੱਚੇ ਨਾਲ ਕਰਦੀ ਹੈ ਜਾਂ ਕੋਈ ਬਹੁਤ ਨੇੜਤਾ ਵਾਲਾ ਰਿਸ਼ਤਾ ਨੇੜਤਾ ਵਾਲੇ ਰਿਸ਼ਤੇ ਨਾਲ ਕਰਦਾ ਹੈ । ਤਾਂ ਫ਼ਰਮਾਇਆ ਕਿ ਇਹ ਕਾਮਲ ਤਰੀਕਾ ਹੈ ਅਤੇ ਹਰ ਇਕ ਕਾਮਲ ਤਰੀਕਾ ਅਤੇ ਸੁਮਾਰਗ ਰੱਬ ਦੇ ਕਲਾਮ ਵਿੱਚ ਮਜੂਦ ਹੈ ਜੋ ਇਸ ਤੋਂ ਮੂੰਹ ਮੋੜਦੇ ਹਨ ਉਹ ਹੋਰ ਥਾਂ ਸੁਮਾਰਗ ਪ੍ਰਾਪਤ ਨਹੀਂ ਕਰ ਸਕਦੇ । ਚੰਗੀ ਸਿੱਖਿਆ ਆਪਣੇ ਪ੍ਰਭਾਵ ਲਈ ਦਿਲ ਦੀ ਪਵਿਤੱਰਤਾ ਚਾਹੁੰਦੀ ਹੈ, ਜੋ ਲੋਕ ਇਸ ਤੋਂ ਦੂਰ ਹਨ ਜੇਕਰ ਉਹਨਾਂ ਨੂੰ ਸੂਖਮ ਦ੍ਰਿਸ਼ਟੀ ਨਾਲ ਦੇਖੀਏ ਤਾਂ ਅਵਸ਼ ਹੀ ਉਹਨਾਂ ਵਿੱਚ ਗੰਦਗੀ ਦਿਖਈ ਦੇਵੇਗੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਅਖ਼ਲਾਕ (ਆਚਰਣ) ਦੂਜੀਆਂ ਨੇਕੀਆਂ ਦੀ ਕੁੰਜੀ ਹੈ । ਜੋ ਲੋਕ ਅਖ਼ਲਾਕ ਦਾ ਸੁਧਾਰ ਨਹੀਂ ਕਰਦੇ ਉਹ ਹੌਲੀ ਹੌਲੀ ਬੇ ਖ਼ਬਰ ਹੋ ਜਾਂਦੇ ਹਨ । ਫ਼ਰਮਾਇਆ ਕਿ ਮੇਰਾ ਤਾਂ ਇਹ ਧਰਮ ਹੈ ਕਿ ਹਰ ਇਕ ਚੀਜ਼ ਕੰਮ ਆਉਂਦੀ ਹੈ । ਵਿਸ਼ ਤੇ ਗੰਦਗੀ ਵੀ ਕੰਮ ਆਉਂਦੀ ਹੈ, ਇਸਟ੍ਰਿਕਨੀਆ ਵੀ ਕੰਮ ਆਉਂਦਾ ਹੈ ਨਾੜੀਆਂ ਉਪੱਰ ਪ੍ਰਭਾਵ ਪਾਉਂਦਾ ਹੈ ਪਰੰਤੂ ਮਨੁੱਖ ਜੋ ਚੰਗੇ ਅਖ਼ਲਾਕ ਹਾਸਲ ਕਰਕੇ ਲਾਹੇਵੰਦ ਵੁਜੂਦ ਨਹੀਂ ਬਣਦਾ ਉਹ ਕਿਸੇ ਵੀ ਕੰਮ ਨਹੀਂ ਆ ਸਕਦਾ ।

ਸੋ, ਚੇਤੇ ਰੱਖੋ ਕਿ ਅਖ਼ਲਾਕ ਦੀ ਦੁਰੁਸਤੀ ਬਹੁਤ ਜ਼ਰੂਰੀ ਚੀਜ਼ ਹੈ ਕਿਉਂਕਿ ਨੇਕੀਆਂ ਦੀ ਮਾਂ ਅਖ਼ਲਾਕ ਹੀ ਹੈ । ਕਈਆਂ ਦੀ ਆਦਤ ਹੁੰਦੀ ਹੈ ਕਿ ਸਵਾਲੀ (ਪ੍ਰਸ਼ਨ ਕਰਤਾ) ਨੂੰ ਦੇਖਕੇ ਚਿੜ ਜਾਂਦੇ ਹਨ ਅਤੇ ਕੁਝ ਮੌਲਵੀਯਤ ਦੀ ਰਗ ਹੋਵੇ ਤਾਂ ਉਸਨੂੰ ਕੁਝ ਦੇਣ ਦੀ ਥਾਂ ਸਵਾਲੀ ਦੀ ਸਮੱਸਿਆਵਾਂ ਨੂੰ ਸਮਝਾਉਂਣਾ ਸ਼ੁਰੂ ਕਰ ਦਿੰਦੇ ਹਨ । ਫ਼ਰਮਾਇਆ ਕਿ ਉਸ'ਤੇ ਮੌਲਵੀਯਤ ਦਾ ਰੁਹਬ ਬਿਠਾਕੇ ਕਈ ਵਾਰ ਚੰਗੀ ਮਾੜੀ ਵੀ ਕਹਿ ਬੈਠਦੇ ਹਨ । ਐਨ੍ਹਾ ਨਹੀਂ ਸੋਚਦੇ ਕਿ ਸਵਾਲੀ ਜੇਕਰ ਚੰਗੇ ਸਵਾਸਥ ਦੇ ਹੁੰਦਿਆਂ ਹੋਇਆਂ ਵੀ ਸਵਾਲ ਕਰਦਾ ਹੈ ਤਾਂ ਆਪ ਪਾਪਾ ਕਰਦਾ ਹੈ । ਉਸ ਨੂੰ ਦੇਣ ਵਿੱਚ ਤਾਂ ਕੋਈ ਪਾਪ ਲਾਜ਼ਮ ਨਹੀਂ ਆਉਂਦਾ ਸਗੋਂ ਹਦੀਸ ਸ਼ਰੀਫ਼ ਵਿੱਚ لو اتاك راكباً ਦੇ ਸ਼ਬਦ ਆਏ ਹਨ, ਅਰਥਾਤ ਬੇਸ਼ਕ ਸਵਾਲੀ ਸਵਾਰ ਹੋਕੇ ਵੀ ਆਵੇ ਤਾਂ ਵੀ ਕੁਝ ਦੇ ਦੇਣਾ ਚਾਹੀਦਾ ਹੈ ਅਤੇ ਕੁਰਆਨ ਕਰੀਕਮ ਵਿੱਚ (وَاَمَّا السَّآئِلَ فَلَا تَنۡهَرۡ) 'ਵ-ਅਮੱਸਾਇਲਾ ਫ਼ਲਾ ਤਨਹਰ' ਦਾ ਆਦੇਸ਼ ਹੈ ਕਿ ਸਵਾਲੀ ਨੂੰ ਨ ਝਿੜਕੋ । ਸੋ ਚੇਤੇ ਰੱਖੋ ਕਿ ਸਵਾਲੀ ਨੂੰ ਨ ਝਿੜਕੋ, ਇਸ ਨਾਲ ਇਕ ਪ੍ਰਕਾਰ ਦੀ ਬਦਅਖ਼ਲਾਕੀ ਦਾ ਬੀ ਬੀਜਿਆ ਜਾਂਦਾ ਹੈ । ਅਖ਼ਲਾਕ ਇਹੋ ਚਾਹੁੰਦਾ ਹੈ ਕਿ ਸਵਾਲੀ ਉਪੱਰ ਛੇਤੀ ਗੁੱਸੇ ਨ ਹੋਵੋ, ਇਹ ਸ਼ੈਤਾਨ ਦੀ ਇਛੱਾ ਹੈ ਕਿ ਉਹ ਇਸ ਤਰੀਕੇ ਨਾਲ ਤੁਹਾਨੂੰ ਨੇਕੀਆਂ ਤੋਂ ਵਾਂਝਿਆਂ ਕਰ ਦੇਵੇ ਅਤੇ ਬਦੀ ਦਾ ਵਾਰਸ ਬਣਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਸਾਡੇ ਸਮਾਜ ਵਿੱਚ ਸਾਧਾਰਣਤਾ ਮਾਂਪਿਆਂ ਬਾਰੇ ਇਹ ਪ੍ਰਸ਼ਨ ਹੁੰਦਾ ਹੈ ਕਿ ਮਾਤਾ ਪਿਤਾ ਜੇਕਰ ਅਹਮਦੀ ਨਹੀਂ ਹਨ ਜਾਂ ਵਿਰੋਧਤਾ ਕਰ ਰਹੇ ਹਨ ਤਾਂ ਉਹਨਾਂ ਦਾ ਸਤਿਕਾਰ ਕਿਵੇਂ ਕਾਇਮ ਕਰਨਾ ਹੈ ? ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸ਼ੇਖ਼ ਅਬਦੁਰ ਰਹਮਾਨ ਸਾਹਬ ਕਾਦੀਆਨੀ ਨੂੰ ਉਹਨਾਂ ਦੇ ਮਾਤਾ ਪਿਤਾ ਬਾਰੇ ਨਸੀਹਤ ਕੀਤੀ ਕਿ ਉਹਨਾਂ ਦੇ ਹੱਕ ਵਿੱਚ ਦੁਆ ਕੀਤਾ ਕਰੋ, ਹਰ ਪ੍ਰਕਾਰ ਜਿੱਥੋਂ ਤੱਕ ਹੋ ਸਕੇ ਮਾਂਪਿਆਂ ਦਾ ਮਨ ਜਿਤੱਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਪਹਿਲਾਂ ਤੋਂ ਹਜ਼ਾਰ ਗੁਣਾ ਵੱਧ ਚੰਗਾ ਅਖ਼ਲਾਕ ਅਪਣਾਕੇ ਪਵਿਤੱਰ ਨਮੂਨਾ ਦਿਖਾਕੇ ਇਸਲਾਮ ਦੀ ਸਚੱਾਈ ਦਾ ਕਇਲ ਕਰੋ, ਕਿਉਂਕਿ ਉਹ ਮੁਸਲਮਾਨ ਨਹੀਂ ਸਨ ਇਸ ਲਈ ਉਹਨਾਂ ਨੂੰ ਆਪਣਾ ਚੰਗਾ ਨਮੂਨਾ ਦਿਖਾਓ ਤਾਂ ਜੋ ਉਹ ਇਸਲਾਮ ਦੀ

ਸਚੱਾਈ ਦੇ ਕਾਇਲ ਹੋ ਜਾਣ । ਅਖ਼ਲਾਕੀ (ਆਚਰਣਕ) ਨਮੂਨਾ ਅਜਿਹਾ ਨਮੂਨਾ ਹੈ ਜਿਸਦੀ ਦੂਜੇ ਕ੍ਰਿਸ਼ਮੇ ਬਰਾਬਰੀ ਨਹੀਂ ਕਰ ਸਕਦੇ । ਸੱਚੇ ਇਸਲਾਮ ਦਾ ਇਹ ਮਿਆਰ ਹੈ ਕਿ ਇਸ ਨਾਲ ਮਨੁੱਖ ਉੱਤਮ ਦਰਜੇ ਦੇ ਅਖ਼ਲਾਕ'ਤੇ ਆ ਜਾਂਦਾ ਹੈ ਅਤੇ ਉਹ ਇਕ ਪਾਰਖ ਵਿਅਕਤੀ ਹੋ ਜਾਂਦਾ ਹੈ । ਸ਼ਾਇਦ ਰੱਬ ਤੁਹਾਡੇ ਰਾਹੀਂ ਉਹਨਾ ਦੇ ਦਿਲ ਵਿੱਚ ਇਸਲਾਮ ਦਾ ਪ੍ਰੇਮ ਪਾ ਦੇਵੇ । ਇਸਲਾਮ ਮਾਤਾ ਪਿਤਾ ਦੀ ਸੇਵਾ ਤੋਂ ਨਹੀਂ ਰੋਕਦਾ । ਸੰਸਾਰਕ ਕਾਰਜਾਂ ਵਿੱਚ ਜਿਸ ਤੋਂ ਧਰਮ ਦਾ ਕੋਈ ਹਰਜਾ ਨਹੀਂ ਹੁੰਦਾ, ਉਹਨਾ ਦੀ ਪੂਰੀ ਤਰ੍ਹਾਂ ਆਗਿਆਕਾਰੀ ਕਰਨੀ ਚਾਹੀਦੀ ਹੈ, ਤਨ ਮਨ ਨਾਲ ਉਹਨਾਂ ਦੀ ਸੇਵਾ ਕਰਨੀ ਚਾਹੀਦੀ ਹੈ । ਆਪ ਨੇ ਇਕ ਮੌਕੇ ਫ਼ਰਮਾਇਆ ਕਿ ਅਖ਼ਲਾਕ ਹੀ ਹਨ ਜੋ ਮਨੁੱਖ ਤੇ ਪਸ਼ੂਆਂ ਵਿੱਚ ਅੰਤਰ ਕਰਦੇ ਹਨ । ਪਸ਼ੂ ਗੁਣਵਤੱਾ ਤੇ ਮਾਤਰਾ ਵਿੱਚ ਅੰਤਰ ਨਹੀਂ ਕਰ ਸਕਦੇ ਅਤੇ ਜੋ ਕੁਝ ਅੱਗੇ ਆਉਂਦਾ ਹੈ ਅਤੇ ਜਿੰਨ੍ਹਾ ਅੱਗੇ ਆਉਂਦਾ ਹੈ ਖਾਂਦਾ ਚਲਾ ਜਾਂਦਾ ਹੈ ਅਤੇ ਅੰਤ ਉਲਟੀ ਕਰ ਦਿੰਦਾ ਹੈ । ਏਥੋਂ ਤੱਕ ਅਸੀਂ ਦੇਖਿਆ ਹੈ ਕਿ ਕਈ ਲੋਕਾਂ ਦਾ ਇਹੋ ਹਾਲ ਹੈ ਲਾਲਚ ਖ਼ਤਮ ਨਹੀਂ ਹੁੰਦਾ ਅਤੇ ਉਚਿਤ ਅਣਉਚਿਤ ਤਰੀਕਿਆਂ ਨਾਲ ਭਾਵੇਂ ਉਹ ਖਾਣਾ ਹੋਵੇ ਜਾਂ ਲੋਕਾਂ ਦਾ ਮਾਲ ਹੋਵੇ ਖਾਣ ਦਾ ਜਤਨ ਕਰਦੇ ਹਨ ।

ਦੂਜੀ ਗੱਲ ਇਹ ਹੈ ਕਿ ਪਸ਼ੂ ਹਲਾਲ ਤੇ ਹਰਾਮ ਵਿੱਚ ਅੰਤਰ ਨਹੀਂ ਕਰਦਾ, ਫ਼ਰਮਾਇਆ ਕਿ ਇਕ ਬਲਦ ਕਦੇ ਨਹੀਂ ਇਹ ਦੇਖਦਾ ਕਿ ਇਹ ਗਵਾਂਢੀ ਦਾ ਖੇਤ ਹੈ ਇਸ ਵਿੱਚ ਨ ਜਾਵਾਂ । ਫ਼ਰਮਾਇਆ ਕਿ ਇਹ ਲੋਕ ਜੋ ਅਖ਼ਲਾਕੀ ਉਸੂਲਾਂ ਨੂੰ ਤੋੜਦੇ ਹਨ ਅਤੇ ਪਰਵਾਹ ਨਹੀਂ ਕਰਦੇ ਕਿ ਸੰਭਵਤਾ ਮਨੁੱਖ ਨਹੀਂ । ਯਤੀਮਾਂ ਦਾ ਮਾਲ ਖਾਣ ਵਿੱਚ ਰਤਾ ਵੀ ਸੰਕੋਚ ਨਹੀਂ ਕਰਦੇ । ਜੱਦ ਨਜਾਇਜ਼ ਤਰੀਕਿਆਂ ਨਾਲ ਖਾਂਦੇ ਹਨ ਤਾਂ ਫਿਰ ਅਜਿਹੇ ਵਿਕਅਤੀਆਂ ਦਾ ਟਿਕਾਣਾ ਨਰਕ ਬਣ ਜਾਂਦਾ ਹੈ । ਫ਼ਰਮਾਇਆ ਕਿ ਇਹ ਚੇਤੇ ਰੱਖੋ ਕਿ ਦੋ ਪੱਖ ਹਨ ਇਕ ਇਲਾਹੀ ਅਜ਼ਮਤ ਦਾ ਜੋ ਇਸ ਦੇ ਵਿਰੁਧ ਹੈ ਉਹ ਵੀ ਅਖ਼ਲਾਕ ਦੇ ਵਿਰੁਧ ਹੈ, ਅਤੇ ਦੂਜਾ ਲੋਕਾਂ ਉਪੱਰ ਮਿਹਰ ਦਾ ਜੋ ਮਾਨਵਤਾ ਦੇ ਵਿਰੁਧ ਹੋਵੇ ਤਾਂ ਉਹ ਵੀ ਅਖ਼ਲਾਕ ਦੇ ਵਿਰੁਧ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਜੇਕਰ ਰੱਬ ਦੇ ਹੱਕ ਪੂਰੇ ਨਹੀਂ ਕਰਦੇ, ਉਸ ਦੀ ਅਜ਼ਮਤ ਨਹੀਂ ਕਰਦੇ, ਉਸ ਦੀ ਇਬਾਦਤ ਨਹੀਂ ਕਰਦੇ, ਉਸ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ, ਉਸ ਦੀ ਰਜ਼ਾ ਹਾਸਲ ਕਰਨ ਦਾ ਜਤਨ ਨਹੀਂ ਕਰਦੇ ਤਾਂ ਵੀ ਇਹ ਅਖ਼ਲਾਕ ਨਹੀਂ ਅਤੇ ਲੋਕਾਂ ਦੇ ਹੱਕ ਨਹੀਂ ਦਿੰਦੇ, ਨਜਾਇਜ਼ ਤਰੀਕਿਆਂ ਨਾਲ ਉਹਨਾਂ ਦਾ ਮਾਲ ਖਾਂਦੇ ਹੋ, ਹਾਣ ਪਹੁੰਚਾਉਣ ਦਾ ਜਤਨ ਕਰਦੇ ਹੋ ਜਾਂ ਹੋਰ ਢੰਗਾ ਨਾਲ ਦੁਰ ਆਚਰਣ ਦਿਖਾਉਂਦੇ ਹੋ ਤਾਂ ਇਹ ਵੀ ਅਖ਼ਲਾਕ ਦੇ ਵਿਰੁਧ ਹੈ । ਆਪ ਫ਼ਰਾਮਾਉਂਦੇ ਹਨ, ਓਹ ! ਬਹੁਤ ਥੋੜੇ ਲੋਕ ਹਨ ਜੋ ਇਹਨਾ ਗਲੱਾਂ ਉਪੱਰ ਜੋ ਮਨੁੱਖ ਦਾ ਅਸਲ ਉਦੇਸ਼ ਹੈ ਗ਼ੌਰ ਕਰਦੇ ਹਨ ।

ਫਿਰ ਇਕ ਬੁਰਾਈ ਹੰਕਾਰ ਦੀ ਹੈ ਜੋ ਨੇਕੀਆਂ ਤੋਂ ਵਾਂਝਿਆਂ ਕਰਦੀ ਹੈ ਸਗੋਂ ਰੱਬ ਦੀ ਨਰਾਜ਼ਗੀ ਦਾ ਸਬਬ ਬਣਾ ਦਿੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਸੂਫ਼ੀ ਕਹਿੰਦੇ ਹਨ ਕਿ ਮਨੁੱਖ ਵਿੱਚ ਦੁਰ ਆਚਰਣ ਦੇ ਬਹੁਤ ਸਾਰੇ ਜਿੰਨ ਹਨ ਅਤੇ ਜੱਦ ਇਹ ਨਿਕਲਦੇ ਹਨ ਤਾਂ ਨਿਕਲਦੇ ਰਹਿੰਦੇ ਹਨ ਪਰ ਸਭ ਤੋਂ ਅੰਤਲਾ ਜਿੰਨ ਹੰਕਾਰ ਦਾ ਹੁੰਦਾ ਹੈ ਜੋ ਉਸ ਵਿੱਚ ਰਹਿੰਦਾ ਹੈ ਅਤੇ ਰੱਬ ਦੀਆਂ ਮਿਹਰਾਂ ਅਤੇ ਮਨੁੱਖ ਦੇ ਸੱਚੇ ਮੁਜਾਹਿਦੇ (ਸੰਘਰਸ਼) ਨਾਲ ਨਿਕਲਦਾ ਹੈ । ਫ਼ਰਮਾਇਆ ਕਿ ਅਨੇਕਾਂ ਲੋਕ ਆਪਣੇ ਆਪ ਨੂੰ ਵਿਨੀਤ ਸਮਝਦੇ ਹਨ ਨਰ ਉਹਨਾਂ ਵਿੱਚ ਵੀ ਕਿਸੇ ਨ ਕਿਸੇ ਪ੍ਰਕਾਰ ਦਾ ਹੰਕਾਰ ਹੁੰਦਾ ਹੈ । ਇਸ ਲਈ ਹੰਕਾਰ ਦੀਆਂ ਸੂਖਮ ਪ੍ਰਕਾਰਾਂ ਤੋਂ ਬਚਣਾ ਚਾਹੀਦਾ ਹੈ । ਕਈ ਵਾਰ ਇਹ ਹੰਕਾਰ ਧੰਨ ਮਾਲ ਨਾਲ ਪੈਦਾ ਹੁੰਦਾ ਹੈ । ਧੰਨ ਦਾ ਹੰਕਾਰੀ ਦੂਜਿਆਂ ਨੂੰ ਕੰਗਾਲ ਸਮਝਦਾ ਹੈ ਅਤੇ ਕਹਿੰਦਾ ਹੈ ਕਿ ਇਹ ਕੌਣ ਹੈ ਜੋ ਮੇਰਾ ਮੁਕਾਬਲਾ ਕਰੇ । ਕਈ ਵਾਰ ਖ਼ਾਨਦਾਨ (ਵੰਸ਼) ਦਾ ਤੇ ਜਾਤ ਦਾ ਹੰਕਾਰ ਹੁੰਦਾ ਹੈ ਸਮਝਦਾ ਹੈ ਕਿ ਮੇਰੀ ਜਾਤ ਵੱਡੀ ਹੈ ਅਤੇ ਇਹ ਛੋਟੀ ਜ਼ਾਤ ਦਾ ਹੈ । ਕਈ ਵਾਰ ਗਿਆਨ ਕਰਕੇ ਵੀ ਹੰਕਾਰ ਪੈਦਾ ਹੋ ਜਾਂਦਾ ਹੈ । ਇਕ ਵਿਅਕਤੀ ਗਲਤ ਬੋਲਦਾ ਹੈ ਤਾਂ ਇਹ ਝੱਟ ਉਸ ਨੂੰ ਫੜਦਾ ਹੈ ਅਤੇ ਰੌਲਾ ਮਾਉਂਦਾ ਹੈ ਕਿ ਇਸ ਨੂੰ ਤਾਂ ਇਕ ਸ਼ਬਦ ਵੀ ਸਹੀ ਨਹੀਂ ਬੋਲਣਾ ਆਉਂਦਾ । ਭਾਵ ਵੱਖ ਵੱਖ ਹੰਕਾਰ ਦੇ ਪ੍ਰਕਾਰ ਪ੍ਰਕਟ ਹੁੰਦੇ ਹਨ ਅਤੇ ਇਹ ਸਾਰੇ ਦੇ ਸਾਰੇ ਮਨੁੱਖ ਨੂੰ ਨੇਕੀਆਂ ਤੋਂ ਵਾਂਝਿਆਂ ਕਰ ਦਿੰਦੇ ਹਨ । ਲੋਕਾਂ ਨੂੰ ਲਾਭ ਪਹੁੰਚਾਉਣ ਤੋਂ ਵਾਂਝਿਆਂ ਕਰ ਦਿੰਦੇ ਹਨ, ਇਹਨਾਂ ਤੋਂ ਬਚਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਜਮਾਤ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੋ ਵਿਅਕਤੀ ਆਪਣੇ ਗਵਾਂਢੀ ਨੂੰ ਅਖ਼ਲਾਕ ਵਿੱਚ ਪਰਿਵਰਤਨ ਦਿਖਾਉਂਦਾ ਹੈ ਕਿ ਪਹਿਲਾਂ ਕੀ ਸੀ ਅਤੇ ਹੁਣ ਕੀ ਹੈ, ਉਹ ਸੰਭਵਤਾ ਇਕ ਕਰਾਮਤ ਦਿਖਾਉਂਦਾ ਹੈ । ਉਸ ਦਾ ਪ੍ਰਭਾਵ ਗਵਾਂਢੀ ਉਪੱਰ ਬਹੁਤ ਉੱਤਮ ਪੈਂਦਾ ਹੈ । ਜੱਦ ਕੋਈ ਵਿਅਕਤੀ ਇਕ ਜਮਾਤ ਵਿੱਚ ਸ਼ਾਮਲ ਹੁੰਦਾ ਹੈ ਅਤੇ ਉਸ ਜਮਾਤ ਦੀ ਅਜ਼ਮਤ ਤੇ ਸਨਮਾਨ ਦਾ ਧਿਆਨ ਨਹੀਂ ਰਖੱਦਾ ਅਤੇ ਉਸ ਦੇ ਵਿਰੁਧ ਕਰਦਾ ਹੈ ਤਾਂ ਉਹ ਆਪ ਹੁਦਰਾ ਹੁੰਦਾ ਹੈ

ਕਿਉਂਕਿ ਉਹ ਕੇਵਲ ਆਪਣੇ ਆਪ ਨੂੰ ਹੀ ਹਲਾਕਤ ਵਿੱਚ ਨਹੀਂ ਪਾਉਂਦਾ ਸਗੋਂ ਦੂਜਿਆਂ ਲਈ ਵੀ ਇਕ ਭੈੜਾ ਨਮੂਨਾ ਬਣਕੇ ਉਹਨਾਂ ਨੂੰ ਨੇਕੀ ਤੇ ਸੁਮਾਰਗ ਦੇ ਮਾਰਗ ਤੋਂ ਵਾਂਝਿਆਂ ਰਖੱਦਾ ਹੈ । ਸੋ, ਜਿੱਥੋਂ ਤੱਕ ਤੁਹਾਡੀ ਸ਼ਕਤੀ ਹੈ ਰੱਬ ਤੋਂ ਦੁਆ ਮੰਗੋ ਅਤੇ ਆਪਣੀ ਪੂਰੀ ਤਾਕਤ ਤੇ ਹਿੰਮਤ ਨਾਲ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਜਤਨ ਕਰੋ । ਜਿੱਥੇ ਅਸਮਰਥ ਹੋ ਜਾਓ ਓਥੇ ਸਚੱਾਈ ਤੇ ਵਿਸ਼ਵਾਸ ਨਾਲ ਦੁਆ ਲਈ ਹੱਥ ਉਠਾਓ ਕਿਉਂਕਿ ਵਿਨਮ੍ਰਤਾ ਤੇ ਵਿਲੀਨਤਾਂ ਨਾਲ ਚੁੱਕੇ ਹੋਏ ਹੱਥ ਜੋ ਸਚੱਾਈ ਤੇ ਵਿਸ਼ਵਾਸ਼ ਨਾਲ ਚੁੱਕੇ ਜਾਂਦੇ ਹਨ ਉਹ ਖਾਲੀ ਨਹੀ ਪਰਤਦੇ । ਅਸੀਂ ਤਜਰਬੇ ਨਾਲ ਕਹਿ ਸਕਦੇ ਹਾਂ ਕਿ ਸਾਡੀਆਂ ਹਜ਼ਾਰਾਂ ਹੀ ਦੁਆਵਾਂ ਕ਼ਬੂਲ ਹੋਈਆਂ ਹਨ ਅਤੇ ਹੋ ਰਹੀਆਂ ਹਨ ।

ਅਲੱਾਹ ਤਆਲਾ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਪੈੜਾਂ ਉਪੱਰ ਚਲਦਿਆਂ ਹੋਇਆਂ ਆਪਣੇ ਆਚਰਣਾ ਨੂੰ ਹਰ ਪੱਖੋਂ, ਹਰ ਮੌਕੇ, ਹਰ ਥਾਂ ਅਤੇ ਹਰ ਅਵਸਥਾ ਵਿੱਚ ਚੰਗੇ ਤੋਂ ਚੰਗਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਸਾਡੇ ਅਖ਼ਲਾਕ ਦੇ ਮਿਆਰ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਣ ਨ ਕਿ ਦੁਨੀਆ ਦੇ ਦਿਖਾਵੇ ਲਈ । ਮਖ਼ਲੂਕ ਦੀ ਸਚੀ ਹਮਦਰਦੀ ਸਾਡੇ ਦਿਲਾਂ ਵਿੱਚ ਪੈਦਾ ਹੋਵੇ । ਤਕਵਾ (ਸੰਜਮਤਾ) ਦੇ ਮਿਆਰ ਬੁਲੰਦ ਕਰਨ ਵਾਲੇ ਅਸੀਂ ਹੋਈਏ, ਅਸੀਂ ਸਮੇਂ ਦੇ ਇਮਾਮ ਨੂੰ ਮੰਨਿਆ ਹੈ ਤਾਂ ਸਾਡੀ ਸੋਚ ਹਰ ਸਮੇਂ ਇਹ ਹੋਣੀ ਚਾਹੀਦੀ ਹੈ ਕਿ ਸਾਡਾ ਕੋਈ ਵੀ ਕਰਮ ਇਸਲਾਮ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਮਸੀਹ ਮੌਊਦ ਅਲੈਹਿ ਸਲਾਮ ਦੀ ਬਦਨਾਮੀ ਦਾ ਸਬਬ ਨ ਬਣੇ ਸਗੋਂ ਇਸਲਾਮ ਦੀ ਸੁੰਦਰ ਸਿੱਖਿਆ ਨੂੰ ਅਸੀਂ ਫੈਲਾਉਣ ਵਾਲੇ ਹੋਈਏ ਅਤੇ ਦੁਨੀਆ ਨੂੰ ਇਸ ਤੋਂ ਪ੍ਰਭਾਵਤ ਕਰਨ ਵਾਲੇ ਹੋਈਏ ਅਤੇ ਇਸ ਤੋਂ ਵਧੱਕੇ ਇਹ ਕਿ ਅਸੀਂ ਆਪਣੇ ਅਖ਼ਲਾਕ ਦੇ ਮਿਆਰਾਂ ਨੂੰ ਵਧਾਉਣ ਦਾ ਹਰ ਸਮੇਂ ਜਤਨ ਕਰਦੇ ਰਹੀਏ ਅਤੇ ਰੱਬ ਅੱਗੇ ਝੁਕਕੇ ਦੁਆ ਨਾਲ ਕੰਮ ਲੈਂਦਿਆਂ ਹੋਇਆਂ ਰੱਬ ਦੀ ਰਜ਼ਾ ਹਾਸਲ ਕਰਨ ਲਈ ਮਦਦ ਮੰਗਣ ਵਾਲੇ ਹੋਈਏ ।

ਜੁਮਏ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਇਕ ਜਨਾਜ਼ਾ ਗ਼ਾਇਬ ਪੜ੍ਹਾਵਾਂਗਾ ਜੋ ਕਿ ਮੁਕਰੱਮ ਸੇਖ਼ ਅਬਦੁਲ ਮਜੀਦ ਸਾਹਬ ਸਪੁਤੱਰ ਸੇਖ਼ ਅਬਦੁਲ ਹਮੀਦ ਸਾਹਮ ਹਲਕਾ ਡਿਫ਼ੈਂਸ ਸੋਸਾਇਟੀ ਕਰਾਚੀ ਦਾ ਹੈ । 15 ਫ਼ਰਵਰੀ ਨੂੰ 88 ਸਾਲ ਦੀ ਉਮਰ ਵਿੱਚ ਇਹਨਾਂ ਦੀ ਵਫ਼ਾਤ ਹੋ ਗਈ ਹੈ । اناللهواناالیہراجعون ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਹਜ਼ੂਰ ਅਨਵਰ ਨੇ ਮਰਹੂਮ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਜੁਮਏ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਈ ।

**Khulasa Khutba Jumma 02.03.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131